# ਹੈਰਾਨ ਕਰਨ ਵਾਲੇ ਮੈਡੀਕਲ ਬਿਲਾਂ ਦੇ ਵਿਰੁੱਧ ਤੁਹਾਡੇ ਅਧਿਕਾਰ ਅਤੇ ਸੁਰੱਖਿਆ।

ਜਦੋਂ ਤੁਹਾਨੂੰ ਐਮਰਜੈਂਸੀ ਦੇਖਭਾਲ ਮਿਲਦੀ ਹੈ ਜਾਂ ਤੁਹਾਡਾ ਇਲਾਜ ਤੁਹਾਡੇ ਤੁਹਾਡੇ ਨੈੱਟਵਰਕ ਦੇ ਅੰਦਰਲੇ ਹਸਪਤਾਲ ਵਿੱਚ ਨੈੱਟਵਰਕ ਦੇ ਬਾਹਰ ਦੇ ਪ੍ਰਦਾਤਾ ਤੋਂ ਜਾਂ ਐਂਬੂਲੇਟ੍ਰੀ ਸਰਜੀਕਲ ਕੇਂਦਰ ਵਿੱਚ ਹੁੰਦਾ ਹੈ ਤਾਂ ਤੁਸੀਂ ਹੈਰਾਨੀਜਨਕ ਬਿਲ ਜਾਂ ਬਕਾਇਆ ਬਿਲ ਤੋਂ ਸੁਰੱਖਿਅਤ ਹੁੰਦੇ ਹੋ।

### "ਬਕਾਇਆ ਬਿਲਿੰਗ" ਕੀ ਹੈ (ਜਿਸਨੂੰ ਕਈ ਵਾਰ "ਹੈਰਾਨੀਜਨਕ ਬਿਲਿੰਗ" ਵੀ ਕਿਹਾ ਜਾਂਦਾ ਹੈ)?

ਜਦੋਂ ਤੁਸੀਂ ਕਿਸੇ ਡਾਕਟਰ ਜਾਂ ਹੋਰ ਸਿਹਤ ਦੇਖਭਾਲ ਪ੍ਰਦਾਤਾ ਨੂੰ ਦਿਖਾਉਂਦੇ ਹੋ, ਤਾਂ ਤੁਸੀਂ ਕੁਝ ਖਰਚੇ ਆਪਣੀ ਜੇਬ ਵਿੱਚੋਂ ਕਰ ਸਕਦੇ ਹੋ, ਜਿਵੇਂ ਕਿ ਸਹਿ-ਭੁਗਤਾਨ, ਸਹਿ-ਬੀਮਾ, ਅਤੇ/ਜਾਂ ਬੀਮੇ ਦੀ ਰਕਮ ਦੀ ਕਟੌਤੀ। ਜੇ ਤੁਸੀਂ ਆਪਣੇ ਆਪ ਨੂੰ ਕਿਸੇ ਪ੍ਰਦਾਤਾ ਕੋਲ ਦਿਖਾਉਂਦੇ ਹੋ ਜਾਂ ਕਿਸੇ ਸਿਹਤ ਸੰਭਾਲ ਕੇਂਦਰ ਵਿੱਚ ਜਾਂਦੇ ਹੋ ਜੋ ਤੁਹਾਡੇ ਸਿਹਤ ਪਲਾਨ ਦੇ ਨੈੱਟਵਰਕ ਅੰਦਰ ਨਹੀਂ ਹੈ ਤਾਂ ਤੁਹਾਡੇ ਹੋਰ ਖਰਚੇ ਵੀ ਹੋ ਸਕਦੇ ਹਨ ਜਾਂ ਤੁਹਾਨੂੰ ਸਾਰਾ ਬਿਲ ਭਰਨਾ ਪੈ ਸਕਦਾ ਹੈ।

''ਨੈੱਟਵਰਕ ਤੋਂ ਬਾਹਰ'' ਤੋਂ ਭਾਵ ਹੈ ਕਿ ਪ੍ਰਦਾਤਾ ਅਤੇ ਸੁਵਿਧਾ ਕੇਂਦਰਾਂ ਨੇ ਤੁਹਾਡੇ ਸਿਹਤ ਪਲਾਨ ਨਾਲ ਇਕਰਾਰਨਾਮਾ ਸਾਇਨ ਨਹੀਂ ਕੀਤਾ ਹੈ। ਨੈੱਟਵਰਕ ਤੋਂ ਬਾਹਰ ਪ੍ਰਦਾਤਾਵਾਂ ਨੂੰ ਤੁਹਾਡੇ ਪਲਾਨ ਦੁਆਰਾ ਭੁਗਤਾਨ ਕੀਤੀ ਗਈ ਰਕਮ ਅਤੇ ਸੇਵਾ ਲਈ ਲਈ ਗਈ ਕੁੱਲ ਰਕਮ ਦੇ ਵਿਚਕਾਰ ਦੇ ਅੰਤਰ ਦੀ ਭਰਪਾਈ ਤੁਹਾਨੂੰ ਬਿਲ ਭੇਜਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਇਸਨੂੰ **"ਬਕਾਇਆ ਬਿਲਿੰਗ"** ਕਹਿੰਦੇ ਹਨ। ਇਹ ਰਕਮ ਸੰਭਾਵਤ ਤੌਰ 'ਤੇ ਨੈੱਟਵਰਕ ਵਿਚਕਾਰ ਪ੍ਰਾਪਤ ਕੀਤੀ ਗਈ ਉਸੇ ਦੇਖਭਾਲ ਦੀਆਂ ਲਾਗਤਾਂ ਤੋਂ ਵੱਧ ਹੋ ਸਕਦੀ ਹੈ ਅਤੇ ਹੋ ਸਕਦਾ ਹੈ ਕਿ ਇਹ ਰਕਮ ਤੁਹਾਡੀ ਜੇਬ ਤੋਂ ਕੀਤੇ ਗਏ ਸਾਲਾਨਾ ਖਰਚੇ ਦੀ ਸੀਮਾ ਵਿੱਚ ਨਾ ਗਿਣੀ ਜਾਵੇ।

"ਹੈਰਾਨੀਜਨਕ ਬਿਲਿੰਗ" ਇੱਕ ਅਚਾਨਕ ਆਉਣ ਵਾਲਾ ਬਕਾਇਆ ਬਿੱਲ ਹੈ। ਇਹ ਉਦੋਂ ਆਉਂਦਾ ਹੈ, ਜਦੋਂ ਤੁਸੀਂ ਇਹ ਕੰਟਰੋਲ ਨਹੀਂ ਕਰ ਪਾਉਂਦੇ ਕਿ ਤੁਹਾਡੀ ਸੰਭਾਲ ਵਿੱਚ ਕੌਣ-ਕੌਣ ਸ਼ਾਮਿਲ ਹੈ – ਜਿਵੇਂ ਕਿ ਜਦੋਂ ਤੁਹਾਨੂੰ ਐਮਰਜੈਂਸੀ ਪੈ ਜਾਂਦੀ ਹੈ ਜਾਂ ਤੁਸੀਂ ਨੈੱਟਵਰਕ ਦੇ ਅੰਦਰ ਫੈਸਿਲਿਟੀ ਵਿੱਚ ਜਾਣ ਲਈ ਯੋਜਨਾ ਬਣਾਉਂਦੇ ਹੋ ਪਰ ਅਚਾਨਕ ਤੁਹਾਡਾ ਇਲਾਜ਼ ਨੈੱਟਵਰਕ ਦੇ ਬਾਹਰਲੇ ਪ੍ਰਦਾਤਾ ਵੱਲੋਂ ਕੀਤਾ ਜਾਂਦਾ ਹੈ।

### ਤੁਸੀਂ ਇਹਨਾਂ ਲਈ ਬਕਾਇਆ ਬਿਲਿੰਗ ਤੋਂ ਸੁਰਖਿਅਤ ਹੋ:

#### ਐਮਰਜੈਂਸੀ ਸੇਵਾਵਾਂ

ਜੇ ਤੁਹਾਨੂੰ ਮੈਡੀਕਲ ਹਾਲਤ ਲਈ ਐਮਰਜੈਂਸੀ ਪੈ ਜਾਂਦੀ ਹੈ ਅਤੇ ਤੁਹਾਨੂੰ ਐਮਰਜੈਂਸੀ ਸੇਵਾ ਨੈੱਟਵਰਕ ਦੇ ਬਾਹਰਲੇ ਪ੍ਰਦਾਤਾ ਜਾਂ ਫੈਸਿਲਿਟੀ ਤੋਂ ਮਿਲਦੀ ਹੈ ਤਾਂ ਪ੍ਰਦਾਤਾ ਜਾਂ ਸਹੂਲਤ ਤੁਹਾਨੂੰ ਤੁਹਾਡੇ ਪਲਾਨ ਦੇ ਅੰਦਰਲੇ ਨੈੱਟਵਰਕ ਦੀ ਲਾਗਤ-ਸ਼ੇਅਰਿੰਗ ਰਕਮ (ਜਿਵੇਂ ਕਿ ਸਹਿ-ਭੁਗਤਾਨ ਅਤੇ ਸਹਿ-ਬੀਮਾ) ਲਈ ਬਿਲ ਕਰਦੇ ਹਨ। ਤੁਹਾਨੂੰ ਇਹਨਾਂ ਐਮਰਜੈਂਸੀ ਸੇਵਾਵਾਂ ਲਈ ਬਕਾਇਆ ਬਿੱਲ **ਨਹੀਂ ਕੀਤਾ** ਜਾ ਸਕਦਾ। ਇਸ ਵਿੱਚ ਉਹ ਸੇਵਾਵਾਂ ਵੀ ਸ਼ਾਮਿਲ ਹਨ ਜੋ ਤੁਸੀਂ ਤੁਹਾਡੀ ਸਹਿਤ ਠੀਕ ਹੋਣ ਤੋਂ ਬਾਅਦ ਲਈਆਂ ਹੋਣਗੀਆਂ, ਜਦੋਂ ਤੱਕ ਤੁਸੀਂ ਲਿਖਤੀ ਸਹਿਮਤੀ ਨਹੀਂ ਦੇ ਦਿੰਦੇ ਅਤੇ ਇਹਨਾਂ ਸਿਹਤ ਵਿੱਚ ਸੁਧਾਰ ਆਉਣ ਤੋਂ ਬਾਅਦ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਲਈ ਬਕਾਇਆ ਬਿਲ ਨਾ ਹੋਣ ਲਈ ਆਪਣੀਆਂ ਸੁਰੱਖਿਆਵਾਂ ਨੂੰ ਨਹੀਂ ਛੱਡ ਦਿੰਦੇ।

*ਕੈਲੀਫੋਰਨੀਆ ਰਾਜ ਦੇ ਕਾਨੂੰਨ ਵਿੱਚ ਫ਼ੈਡਰਲ ਨੋ ਸਰਪ੍ਰਾਈਜ਼ ਐਕਟ ਦੇ ਵਰਗੀਆਂ ਸੁਰੱਖਿਆਵਾਂ ਹਨ।*

### ਨੈੱਟਵਰਕ ਦੇ ਵਿਚਲੇ ਹਸਪਤਾਲ ਜਾਂ ਐਂਬੂਲੇਟ੍ਰੀ ਸਰਜੀਕਲ ਕੇਂਦਰ ਵਿੱਚ ਕੁਝ ਸੇਵਾਵਾਂ।

ਜਦੋ ਤੁਸੀਂ ਆਪਣੇ ਨੈੱਟਵਰਕ ਦੇ ਵਿਚਲੇ ਹਸਪਤਾਲ ਜਾਂ ਐਂਬੂਲੇਟ੍ਰੀ ਸਰਜੀਕਲ ਕੇਂਦਰ ਤੋਂ ਸੇਵਾਵਾਂ ਪ੍ਰਾਪਤ ਕਰਦੇ ਹੋ ਤਾਂ ਕੁਝ ਸੇਵਾ ਪ੍ਰਦਾਤਾ

ਨੈੱਟਵਰਕ ਤੋਂ ਬਾਹਰਲੇ ਹੋ ਸਕਦੇ ਹਨ। ਇਹਨਾਂ ਮਾਮਲਿਆਂ ਵਿੱਚ, ਪ੍ਰਦਾਤਾ ਜ਼ਿਆਦਾ ਤੋਂ ਜ਼ਿਆਦਾ ਤੁਹਾਨੂੰ ਉਹ ਰਕਮ ਲਈ ਬਿਲ ਕਰ ਸਕਦੇ ਹਨ ਜੋ ਤੁਹਾਡੇ ਪਲਾਨ ਦੇ ਨੈੱਟਵਰਕ ਦੀ ਲਾਗਤ-ਸ਼ੇਅਰਿੰਗ ਰਕਮ ਦੇ ਅਧੀਨ ਹੈ। ਇਹ ਐਮਰਜੈਂਸੀ ਦਵਾਈ, ਐਨੱਸਥੀਸੀਆ, ਪੈਥੋਲੋਜੀ, ਰੇਡੀਓਲੋਜੀ, ਪ੍ਰਯੋਗਸ਼ਾਲਾ, ਨਿਓਨੈਟੋਲੋਜੀ, ਸਹਾਇਕ ਸਰਜਨ, ਹੋਸਪਿਟਲਿਸਟ, ਜਾਂ ਇੰਟੈਂਸਿਵਿਸਟ ਸੇਵਾਵਾਂ 'ਤੇ ਲਾਗੂ ਹੁੰਦਾ ਹੈ। ਇਹ ਪ੍ਰਦਾਤਾ ਤੁਹਾਨੂੰ ਬਕਾਇਆ ਬਿੱਲ **ਨਹੀਂ ਕਰ ਸਕਦੇ** ਅਤੇ ਤੁਹਾਨੂੰ ਬਕਾਇਆ ਬਿੱਲ ਲਈ ਤੁਹਾਡੀਆਂ ਸੁਰੱਖਿਆਵਾਂ ਨੂੰ ਛੱਡਣ ਲਈ **ਨਹੀਂ** ਕਹਿ ਸਕਦੇ।

ਜੇਕਰ ਤੁਸੀਂ ਇਹਨਾਂ ਨੈੱਟਵਰਕ ਦੇ ਵਿਚਲੀਆਂ ਸੁਵਿਧਾਵਾਂ 'ਤੇ ਹੋਰ ਸੇਵਾਵਾਂ ਪ੍ਰਾਪਤ ਕਰਦੇ ਹੋ, ਤਾਂ ਨੈੱਟਵਰਕ ਤੋਂ ਬਾਹਰ ਦੇ ਪ੍ਰਦਾਤਾ ਤੁਹਾਨੂੰ ਉਦੋਂ ਤੱਕ ਬਿੱਲ **ਨਹੀਂ ਕਰ ਸਕਦੇ** ਜਦੋਂ ਤੱਕ ਤੁਸੀਂ ਲਿਖਤੀ ਸਹਿਮਤੀ ਨਹੀਂ ਦਿੰਦੇ ਅਤੇ ਆਪਣੀਆਂ ਸੁਰੱਖਿਆਵਾਂ ਨੂੰ ਛੱਡ ਨਹੀਂ ਦਿੰਦੇ।

**ਤੁਹਾਨੂੰ ਬਕਾਇਆ ਬਿਲਿੰਗ ਲਈ ਆਪਣੀਆਂ ਸੁਰੱਖਿਆਵਾਂ ਛੱਡਣ ਦੀ ਲੋੜ ਨਹੀਂ ਹੈ। ਤੁਹਾਨੂੰ ਬਾਹਰਲੇ ਨੈੱਟਵਰਕ ਤੋਂ ਸੰਭਾਲ ਲੈਣ ਦੀ ਵੀ ਲੋੜ ਨਹੀਂ ਹੈ। ਤੁਸੀਂ ਆਪਣੇ ਪਲਾਨ ਦੇ ਨੈੱਟਵਰਕ ਦੇ ਵਿਚਲੇ ਪ੍ਰਦਾਤਾ ਨੂੰ ਜਾਂ ਫੈਸਿਲਿਟੀ ਚੁਣ ਸਕਦੇ ਹੋ।**
*ਕੈਲੀਫੋਰਨੀਆ ਰਾਜ ਦੇ ਕਾਨੂੰਨ ਵਿੱਚ ਸੁਰੱਖਿਆਵਾਂ ਫ਼ੈਡਰਲ ਨੋ ਸਰਪ੍ਰਾਈਜ਼ ਐਕਟ ਦੇ ਸਮਾਨ ਹਨ, ਵਧੇਰੇ ਜਾਣਕਾਰੀ ਕੈਲੀਫੋਰਨੀਆ ਦੇ ਪ੍ਰਬੰਧਿਤ ਦੇਖਭਾਲ ਵਿਭਾਗ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ,* ਹੈਰਾਨੀਜਨਕ ਮੈਡੀਕਲ ਬਿੱਲਾਂ ਦੀ ਤੱਥ ਸ਼ੀਟ।

## ਜਦੋਂ ਬਕਾਇਆ ਬਿਲਿੰਗ ਦੀ ਇਜਾਜ਼ਤ ਨਹੀਂ ਹੁੰਦੀ, ਤਾਂ ਤੁਹਾਡੇ ਕੋਲ ਹੇਠ ਲਿਖੀਆਂ ਸੁਰੱਖਿਆਵਾਂ ਵੀ ਹਨ:

• ਤੁਸੀਂ ਸਿਰਫ਼ ਲਾਗਤ ਦੇ ਆਪਣੇ ਹਿੱਸੇ ਦਾ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੋ (ਜਿਵੇਂ ਕਿ ਸਹਿ-ਭੁਗਤਾਨ, ਸਹਿ-ਬੀਮਾ, ਅਤੇ ਬੀਮੇ ਦੀ ਰਕਮ ਦੀ ਕਟੌਤੀ ਜੋ ਤੁਸੀਂ ਅਦਾ ਕਰੋਗੇ ਜੇਕਰ ਪ੍ਰਦਾਤਾ ਜਾਂ ਫੈਸਿਲਿਟੀ ਨੈੱਟਵਰਕ ਵਿੱਚ ਸੀ)। ਤੁਹਾਡਾ ਸਿਹਤ ਪਲਾਨ ਨੈੱਟਵਰਕ ਤੋਂ ਬਾਹਰ ਦੇ ਪ੍ਰਦਾਤਾਵਾਂ ਅਤੇ ਸਹੂਲਤਾਂ ਨੂੰ ਸਿੱਧਾ ਭੁਗਤਾਨ ਕਰੇਗਾ।

• ਤੁਹਾਡਾ ਸਿਹਤ ਪਲਾਨ ਆਮ ਤੌਰ 'ਤੇ ਜ਼ਰੂਰੀ ਹੈ ਕਿ:

o ਤੁਹਾਡੀਆਂ ਐਮਰਜੈਂਸੀ ਸੇਵਾਵਾ ਨੂੰ ਪਹਿਲਾਂ ਤੋਂ ਮਨਜ਼ੂਰੀ ਲੈਣ ਦੀ ਲੋੜ ਤੋਂ ਬਿਨਾਂ ਕਵਰ ਕਰੇ।

o ਨੈੱਟਵਰਕ ਤੋਂ ਬਾਹਰਲੇ ਪ੍ਰਦਾਤਾਵਾਂ ਤੋਂ ਪ੍ਰਾਪਤ ਐਮਰਜੈਂਸੀ ਸੇਵਾਵਾਂ ਨੂੰ ਕਵਰ ਕਰੇ।

o ਪ੍ਰਦਾਤਾ ਜਾਂ ਸਹੂਲਤ ਪ੍ਰਤੀ ਤੁਹਾਡੀ ਬਕਾਇਆ ਰਕਮ ਨੂੰ ਇਸ ਆਧਾਰ ‘ਤੇ ਤੈਅ ਕਰੇ ਕਿ ਤੁਹਾਡੇ ਨੈੱਟਵਰਕ ਵਿਚਲੇ ਪ੍ਰਦਾਤਾ ਜਾਂ ਫੈਸਿਲਿਟੀ ਨੂੰ ਕਿੰਨੀ ਅਦਾਇਗੀ ਹੋਵੇਗੀ ਅਤੇ ਇਸਨੂੰ ਤੁਹਾਡੇ ਲਾਭਾਂ ਦੀ ਵਿਆਖਿਆ ਵਿੱਚ ਦਿਖਾਏ।

o ਕੋਈ ਵੀ ਰਕਮ ਜੋ ਤੁਸੀਂ ਐਮਰਜੈਂਸੀ ਸੇਵਾਵਾਂ ਲਈ ਜਾਂ ਨੈੱਟਵਰਕ ਤੋਂ ਬਾਹਰ ਸੇਵਾਵਾਂ ਲਈ ਭਰੀ ਹੋਵੇ ਉਸਨੂੰ ਤੁਹਾਡੀ ਕਟੌਤੀਯੋਗ ਅਤੇ ਜੇਬ ਤੋਂ ਦਿੱਤੇ ਗਏ ਖਰਚੇ ਦੀ ਸੀਮਾ ਵਿੱਚ ਗਿਣੇ।

**ਜੇ ਤੁਹਾਨੂੰ ਲਗਦਾ ਹੈ ਕਿ ਤੁਹਾਨੂੰ ਗਲਤ ਬਿੱਲ ਮਿਲਿਆ ਹੈ**, ਤਾਂ ਤੁਸੀਂ ਆਪਣੇ ਅਧਿਕਾਰਾਂ ਲਈ ਜੋ ਫ਼ੈਡਰਲ ਕਾਨੂੰਨ ਹੇਠ ਆਉਂਦੇ ਹਨ, CMS ਨਾਲ ਇਸ ਲਿੰਕ www.cms.gov 'ਤੇ ਸੰਪਰਕ ਕਰੋ।

ਤੁਹਾਡੇ ਅਧਿਕਾਰਾਂ ਬਾਰੇ ਹੋਰ ਜਾਣਕਾਰੀ ਲਈ ਕੈਲੀਫੋਰਨੀਆ ਰਾਜ ਕਾਨੂੰਨ ‘ਤੇ ਜਾਓ ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਮੈਨੇਜਡ ਹੈਲਥ ਸਰਵਿਸਿਜ਼ ਲਈ www.dmhc.ca.gov ‘ਤੇ ਜਾਓ ਜਾਂ ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਇਨਸ਼ੋਰੇਂਸ ਲਈ www.insurance.ca.gov 'ਤੇ ਜਾਓ।

*ਜ਼ਰੂਰੀ: ਤੁਹਾਨੂੰ ਇਸ ਫਾਰਮ 'ਤੇ ਦਸਤਖ਼ਤ ਕਰਨ ਦੀ ਲੋੜ ਨਹੀਂ ਹੈ। ਜੇਕਰ ਤੁਸੀਂ ਦਸਤਖ਼ਤ ਨਹੀਂ ਕਰਦੇ, ਤਾਂ ਹੋ ਸਕਦਾ ਹੈ ਕਿ ਇਹ ਪ੍ਰਦਾਤਾ ਜਾਂ ਸਹੂਲਤ ਤੁਹਾਡਾ ਇਲਾਜ ਨਾ ਕਰੇ, ਪਰ ਤੁਸੀਂ ਕਿਸੇ ਅਜਿਹੇ ਪ੍ਰਦਾਤਾ ਜਾਂ ਸਹੂਲਤ ਤੋਂ ਦੇਖਭਾਲ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹੋ ਜੋ ਤੁਹਾਡੇ ਸਿਹਤ ਯੋਜਨਾ ਦੇ ਨੈੱਟਵਰਕ ਵਿੱਚ ਹੈ।*